14.4.96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਸਭਿਆਚਾਰਕ ਵਿਭਾਗ ਨੇ ਪਿੰਡਾਂ ਵਲ ਧਿਆਨ ਦਿੱਤਾ।**

ਪੰਜਾਬ ਦੇ ਪੇਂਡੂ ਇਲਾਕਿਆਂ ਨੂੰ ਆਮ ਪਰ ਜਾਇਜ਼ ਸ਼ਿਕਾਇਤ ਰਹੀ ਹੈ ਕਿ ਸਭਿਆਚਾਰਕ ਵਿਭਾਗ ਜਦੋਂ ਵੀ ਨਾਟਕਾਂ ਦੀ ਕੋਈ ਸਕੀਮ ਚਲਾਂਦਾ ਹੈ ਤਾਂ ਬਹੁਤੀ ਸਰਗਰਮੀ ਚੰਡੀਗੜ੍ਹ ਜਾਂ ਆਲੇ-ਦੁਆਲੇ ਦੇ ਇਲਾਕਿਆਂ ਤਕ ਹੀ ਸੀਮਤ ਰਹਿੰਦੀ ਹੈ। ਇਸ ਵਾਰ ਵੀ ਵਿਭਾਗ ਨੇ ਸਾਰਾ ਸਾਲ ਪਿੰਡਾਂ ਜਾਂ ਕਸਬਿਆਂ ਵਲ ਧਿਆਨ ਨਹੀਂ ਦਿੱਤਾ। ਪਰ ਫਰਵਰੀ-ਮਾਰਚ ਦੇ ਮਹੀਨਿਆਂ ਵਿਚ ਵਿਭਾਗ ਨੇ ਇਸ ਦਿਸ਼ਾ ਵਲ ਸਰਗਰਮੀ ਵਿਖਾਈ ਹੈ ਅਤੇ ਯਤਨ ਕੀਤਾ ਹੈ ਕਿ ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਨਾਟਕ ਕਰਵਾਏ ਜਾਣ। ਬਹੁਤ ਸਾਰੀਆਂ ਘਾਟਾਂ ਦੇ ਬਾਵਜੂਦ ਉਮੀਦ ਕੀਤੀ ਸਫਲਤਾ ਵਿਭਾਗ ਨੂੰ ਮਿਲੀ ਹੈ।

ਕੁੱਲ 18 ਨਾਟਕ ਟੀਮਾਂ ਵਲੋਂ ਕੋਈ 76 ਦੇ ਕਰੀਬ ਨਾਟਕ ਪੇਸ਼ਕਾਰੀਆਂ ਪੇਂਡੂ ਇਲਾਕਿਆਂ, ਕਸਬਿਆਂ ਅਤੇ ਛੋਟੇ ਸ਼ਹਿਰਾਂ ਵਿਚ ਹੋਈਆਂ ਹਨ। ਲੋਕਾਂ ਵਲੋਂ ਇਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਵਿਭਾਗ ਨੇ ਇਹ ਜ਼ਿੰਮੇਵਾਰੀ ਨਾਟਕ ਟੀਮਾਂ ਦੀ ਲਗਾਈ ਕਿ ਉਹ ਆਪਣੀ ਪਹਿਲਕਦਮੀ ਨਾਲ ਪਿੰਡਾਂ ਵਿਚ ਸੰਪਰਕ ਪੈਦਾ ਕਰਨ ਅਤੇ ਨਾਟਕ ਕਰਨ ਦਾ ਪ੍ਰਬੰਧ ਕਰਨ। ਸਥਾਨਕ ਅਧਿਕਾਰੀਆਂ ਵਲ ਇਕ ਗਸ਼ਤੀ ਚਿੱਠੀ ਲਿਖੀ ਗਈ ਕਿ ਨਾਟਕ ਟੀਮਾਂ ਦੀ ਸਹਾਇਤਾ ਕਰਨ। ਕੁਝ ਥਾਵਾਂ 'ਤੇ ਪ੍ਰਬੰਧਕੀ ਮੁਸ਼ਕਲਾਂ ਵੀ ਆਈਆਂ ਪਰ ਆਮ ਤੌਰ 'ਤੇ ਲੋਕਾਂ ਨੇ ਪੂਰਾ ਸਹਿਯੋਗ ਦਿੱਤਾ। ਨਾਟਕਾਂ ਵਿਚ ਸਾਗਰ ਸਰਹੱਦੀ ਦਾ ਲਿਖਿਆ ਨਾਟਕ 'ਭਗਤ ਸਿੰਘ ਦੀ ਵਾਪਸੀ' ਵੀ ਹੋਇਆ। ਦੇਵਿੰਦਰ ਦਮਨ ਦਾ ਨਾਟਕ ਵੀ ਹੋਇਆ। ਅਜਮੇਰ ਔਲਖ ਦੇ ਨਾਟਕ ਵੀ ਹੋਏ, ਕੇਵਲ ਧਾਲੀਵਾਲ, ਸਾਹਿਬ ਸਿੰਘ, ਚਰਨ ਸਿੰਘ ਸਿੰਧਰਾ ਅਤੇ ਮੇਰੇ ਨਾਟਕ ਵੀ ਹੋਏ। ਘਾਟ ਇਸ ਗੱਲ ਦੀ ਹੋਈ ਕਿ ਕੁਝ ਚੰਗੀਆਂ ਨਾਟਕ ਟੀਮਾਂ ਦੀ ਸ਼ਮੂਲੀਅਤ ਨਹੀਂ ਕੀਤੀ ਜਾ ਸਕੀ। ਕਾਰਨ ਇਹ ਦੱਸਿਆ ਗਿਆ ਕਿ ਸਮੇਂ ਦੀ ਥੁੜ ਕਰ ਕੇ ਇਹ ਨਹੀਂ ਹੋ ਸਕਿਆ। ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਵਿਭਾਗ ਦੇ ਡਾਇਰੈਕਟਰ ਸ੍ਰੀ ਬੰਗਾ ਸਮੇਤ ਉਨ੍ਹਾਂ ਦੇ ਸਟਾਫ ਨੇ ਆਪਣੇ ਸੀਮਤ ਬੱਜਟ ਵਿਚ ਆਪਣੀਆਂ ਸਰਗਰਮੀਆਂ ਦੀ ਦਿਸ਼ਾ ਪਿੰਡਾਂ ਵਲ ਮੋੜੀ ਹੈ।

ਸੁਝਾਅ ਹੈ ਕਿ ਸਾਲ ਦੇ ਸ਼ੁਰੂ ਵਿਚ ਕੈਲੰਡਰ ਬਣਾ ਕੇ, ਚੰਗੀਆਂ ਟੀਮਾਂ ਨਾਲ ਸੰਪਰਕ ਪੈਦਾ ਕਰ ਕੇ ਵੱਖ ਵੱਖ ਇਲਾਕਿਆਂ ਵਿਚ ਚੰਗੇ ਨਾਟਕ ਕਰਵਾਏ ਜਾਣ। ਨਾਟਕਾਂ ਦੀਆਂ ਪੇਸ਼ਕਾਰੀਆਂ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਆਪ ਜਾ ਕੇ ਵੇਖਣ ਅਤੇ ਪਹਿਰੇਦਾਰੀ ਕਰਨ। ਸਕੀਮ ਸਹੀ ਤਰੀਕੇ ਨਾਲ ਚਲੇ ਤਾਂ ਨਾਟਕ ਟੀਮਾਂ ਵੀ ਉਤਸ਼ਾਹਤ ਹੋ ਕੇ ਨਵੇਂ ਤੋਂ ਨਵੇਂ ਨਾਟਕ ਤਿਆਰ ਕਰ ਸਕਦੀਆਂ ਹਨ। ਸਭਿਆਚਾਰਕ ਵਿਭਾਗ ਦੀਆਂ ਸਰਗਰਮੀਆਂ ਲੋਕ ਸੰਪਰਕ ਵਿਭਾਗ ਤੋਂ ਵੱਖਰੀਆਂ ਹਨ। ਲੋਕ ਸੰਪਰਕ ਵਿਭਾਗ ਦਾ ਇਹ ਫਰਜ਼ ਹੈ ਕਿ ਸਰਕਾਰ ਦੀਆਂ ਨੀਤੀਆ ਦਾ ਪ੍ਰਚਾਰ ਲੋਕਾਂ ਤਕ ਲਿਜਾਏ। ਉਹ ਨਾਟਕ ਵੀ ਇਸ ਮੰਤਵ ਨਾਲ ਤਿਆਰ ਕਰਨਗੇ ਪਰ ਸਭਿਆਚਾਰਕ ਵਿਭਾਗ ਨੇ ਨਿਰੋਲ ਸਾਹਿਤਕ ਅਤੇ ਸਭਿਆਚਾਰਕ ਪੱਖ ਲੈ ਕੇ ਲੋਕਾਂ ਵਿਚ ਜਾਣਾ ਹੈ। ਉਮੀਦ ਕੀਤੀ ਜਾਂਦੀ ਹੈ ਕਿ ਸਭਿਆਚਾਰਕ ਵਿਭਾਗ ਪੰਜਾਬ ਦੇ ਲੋਕਾਂ ਤਾਈਂ ਜਿਨ੍ਹਾਂ ਵਿਚੋਂ 84 ਫੀਸਦੀ ਪਿੰਡਾਂ, ਕਸਬਿਆਂ ਅਤੇ ਛੋਟੇ ਸ਼ਹਿਰਾਂ ਵਿਚ ਰਹਿੰਦੇ ਹਨ, ਆਪਣੀ ਜ਼ਿੰਮੇਵਾਰੀ ਨਿਭਾਏਗਾ।

**ਐਮ. ਸੀ. ਭਾਰਦਵਾਜ ਸਾਡੇ ਤੋਂ ਵਿੱਛੜ ਗਏ:** ਪੰਜਾਬ ਦਾ ਇਕ ਕਰਮਯੋਗੀ ਵਿਅਕਤੀ ਅਤੇ ਲੇਖਕ ਐਮ. ਸੀ. ਭਾਰਦਵਾਜ ਸਾਡੇ ਕੋਲੋਂ 48 ਸਾਲ ਦੀ ਉਮਰ ਵਿਚ ਹੀ ਵਿੱਛੜ ਗਿਆ ਹੈ। ਬਹੁਤ ਸਾਰੇ ਲੋਕ ਭਾਰਦਵਾਜ ਨੂੰ ਖਾਦੀ ਬੋਰਡ ਦੇ ਸਾਬਕਾ ਚੇਅਰਮੈਨ ਦੇ ਤੌਰ 'ਤੇ ਹੀ ਜਾਣਦੇ ਹਨ ਪਰ ਬੁੱਧੀਜੀਵੀ ਹਲਕਿਆਂ ਵਿਚ ਉਹ ਮੌਲਿਕ ਸੋਚਣੀ ਵਾਲੇ ਲੇਖਕ ਤੇ ਵਿਸ਼ੇਸ਼ ਵਿਅਕਤੀ ਦੇ ਤੌਰ 'ਤੇ ਪਛਾਣੇ ਜਾਂਦੇ ਸਨ।

1983 ਤਕ ਭਾਰਦਵਾਜ ਥਾਪਰ ਇੰਜਨੀਅਰਿੰਗ ਕਾਲਜ ਵਿਚ ਸਿਵਲ ਇੰਜਨੀਅਰਿੰਗ ਦੇ ਅਧਿਆਪਕ ਸਨ। ਫਿਰ ਉਹ ਪਬਲਿਕ ਸਰਗਰਮੀਆਂ ਵਿਚ ਆਏ। ਪੰਜਾਬੀ ਵਿਚ ਉਨ੍ਹਾਂ ਦੀਆਂ ਲਿਖਤਾਂ ਪਹਿਲੇ 'ਸਮਤਾ' ਮੈਗਜ਼ੀਨ ਵਿਚ ਬਾਕਾਇਦਗੀ ਨਾਲ ਹਰ ਮਹੀਨੇ ਆਈਆਂ। ਉਨ੍ਹਾਂ ਲਿਖਤਾਂ ਵਿਚ ਭਾਰਦਵਾਜ ਹੋਰਾਂ ਨੇ ਅੰਕੜਿਆਂ ਦੀ ਸਹਾਇਤਾ ਨਾਲ ਇਹ ਸਾਬਤ ਕੀਤਾ ਕਿ ਕਿਸ ਤਰ੍ਹਾਂ ਭਾਰਤ ਸਰਕਾਰ ਦੀਆਂ ਬਹੁਤ ਸਾਰੀਆਂ ਨੀਤੀਆਂ ਲੋਕ ਦੁਸ਼ਮਣ ਹਨ। ਘੱਟ ਤੋਂ ਘੱਟ ਪੈਸੇ ਨਾਲ ਵੱਧ ਤੋਂ ਵੱਧ ਲੋਕਾਂ ਦੀ ਭਲਾਈ ਦੀ ਥਾਂ ਇਹ ਨੀਤੀਆਂ ਵੱਧ ਤੋਂ ਵੱਧ ਪੈਸੇ ਨਾਲ ਘੱਟ ਤੋਂ ਘੱਟ ਲੋਕਾਂ ਦੇ ਫਾਇਦੇ ਲਈ ਹਨ। ਖੇਤੀ, ਟਰਾਂਸਪੋਰਟ, ਡਾਕ-ਤਾਰ, ਬਿਜਲੀ ਘਰਾਂ, ਰੇਲਵੇ ਸਿਸਟਮ ਆਦਿ ਬਾਰੇ ਇਨ੍ਹਾਂ ਲਿਖਤਾਂ ਦੇ ਵਿਸ਼ੇ ਸਨ। ਇਹ ਲਿਖਤਾਂ ਫੇਰ ਚਾਰ ਕਿਤਾਬਾਂ ਵਿਚ ਇਕੱਠੀਆਂ ਕੀਤੀਆਂ ਗਈਆਂ। ਲੋਕ ਚੇਤਨਾ ਤੀਖਣ ਕਰਨ ਲਈ ਇਹ ਕਲਾਮਈ ਲਿਖਤਾਂ ਹਨ।

ਭਾਰਦਵਾਜ ਹੋਰਾਂ ਨੇ ਸੂਬਿਆਂ ਦੇ ਵੱਧ ਅਧਿਕਾਰਾਂ ਦੇ ਪ੍ਰਸੰਗ ਵਿਚ ਆਨੰਦਪੁਰ ਸਾਹਿਬ ਮਤੇ ਨੂੰ ਭਾਰਤ ਦੀ ਏਕਤਾ ਦਾ ਸਭ ਤੋਂ ਵੱਡਾ ਥੰਮ੍ਹ ਕਰਾਰ ਦਿੱਤਾ। ਇਸ ਮਤੇ ਦੀਆਂ ਹਜ਼ਾਰਾਂ ਕਾਪੀਆਂ ਉਨ੍ਹਾਂ ਨੇ ਮੇਲਿਆਂ ਵਿਚ ਖਲੋ ਕੇ ਵੰਡੀਆਂ। ਉਨ੍ਹਾਂ ਦਾ ਯਕੀਨ ਸੀ ਕਿ ਇਸ ਮਤੇ ਬਾਰੇ ਨਾ ਹੀ ਮੁਖਾਲਿਫਾਂ ਨੂੰ ਪਤਾ ਹੈ ਤੇ ਨਾ ਹੀ ਹਮਾਇਤੀਆਂ ਨੂੰ। ਇਹ ਮਤਾ ਵੱਖਵਾਦੀ ਨਹੀਂ, ਸਗੋਂ ਏਕਾਵਾਦੀ ਹੈ।

ਉਨ੍ਹਾਂ ਦੀ ਸੋਚਣੀ ਅਤੇ ਲਿਖਤਾਂ ਵਿਚ ਤਰਕਸ਼ੀਲਤਾ ਅਤੇ ਦਲੀਲ ਪ੍ਰਧਾਨ ਅੰਸ਼ ਸਨ। ਪਿਛਲੇ 6 ਮਹੀਨੇ ਤੋਂ ਉਹ ਕੈਂਸਰ ਦੇ ਮਰੀਜ਼ ਸਨ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੀ ਮੌਤ ਕਿਸੇ ਵੇਲੇ ਵੀ ਹੋ ਸਕਦੀ ਹੈ। ਇਸ ਲਈ ਉਨ੍ਹਾਂ ਦੀ ਆਪਣੀ ਪਤਨੀ ਅਤੇ ਧੀਆਂ ਨੂੰ ਹਦਾਇਤ ਸੀ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਕੋਈ ਵੀ ਧਾਰਮਿਕ ਰਸਮ ਨਾ ਕੀਤੀ ਜਾਏ। ਉਨ੍ਹਾਂ ਨੇ ਕੋਈ ਧਰਮ ਰਾਜ ਦੇ ਸਾਹਮਣੇ ਪੇਸ਼ ਨਹੀਂ ਹੋਣਾ ਕਿ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਨਵਾਂ ਹੋਣ ਜਾਂ ਕੋਰੀ ਚਾਦਰ ਨਾਲ ਢਕਣ ਦੀ ਲੋੜ ਪਵੇ। ਉਨ੍ਹਾਂ ਦੀ ਪਤਨੀ ਅਤੇ ਤਿੰਨ ਧੀਆਂ ਹੀ ਉਨ੍ਹਾਂ ਦੇ ਸਰੀਰ ਨੂੰ ਆਖਰੀ ਮੋਢਾ ਦੇ ਕੇ ਤੇ ਵੱਡੀ ਧੀ ਕ੍ਰਾਂਤੀ ਹੀ ਉਹ ਸਭ ਕੁਝ ਕਰੇ ਜੋ ਪੁੱਤਰ ਕਰਦੇ ਹਨ। ਕੋਈ ਧਾਰਮਿਕ ਰਸਮ ਨਹੀਂ ਹੋਵੇਗੀ। ਸਿਰਫ ਇਕ ਸ਼ਰਧਾਂਜਲੀ ਸਮਾਗਮ ਵਿਚ ਉਨ੍ਹਾਂ ਨੂੰ ਯਾਦ ਕੀਤਾ ਜਾਏਗਾ।

ਇਕ ਸਾਧਾਰਨ ਵਿਅਕਤੀ ਹੁੰਦਿਆਂ ਹੋਇਆਂ ਵੀ ਭਾਰਦਵਾਜ ਸਾਧਾਰਨ ਨਹੀਂ ਸਨ। 14 ਅਪਰੈਲ ਨੂੰ ਚੰਡੀਗੜ੍ਹ ਸੈਣੀ ਭਵਨ ਸੈਕਟਰ 21 ਵਿਚ ਦੁਪਹਿਰ ਇਕ ਵਜੇ, ਉਨ੍ਹਾਂ ਦੇ ਦੋਸਤ ਅਤੇ ਤਰਕਸ਼ੀਲਤਾ ਦੇ ਧਾਰਨੀ ਇਕੱਠੇ ਹੋਣਗੇ ਤੇ ਪੰਜਾਬ ਦੇ ਇਸ ਸਪੂਤ ਨੂੰ ਆਖਰੀ ਸਲਾਮ ਕਹਿਣਗੇ।